SOFTEL®
SOLUTIONS
Basement, #3039, A. Sharma Complex, Power House Road,
Bathinda, Punjab (India) -151001
Phone No : 0164-5000408, 9814450408
Email : info@softelsolutions.in

CSI
R. get comments
from Ld LA.
Gupta
08/8.

149

ਸੇਵਾ ਵਿਖੇ

ਸੰਯੁਕਤ ਕਮਿਸ਼ਨਰ
ਨਗਰ ਨਿਗਮ ਬਠਿੰਡਾ ।

**ਵਿਸ਼ਾ :- ਡੋਰ ਟੂ ਡੋਰ ਗਾਰਬੇਜ ਕੁਲੈਕਸ਼ਨ ਦੇ ਯੂਜ਼ਰ ਚਰਜਿਜ਼ ਦੀ ਵਸੂਲੀ ਸਬੰਧੀ ।**
**ਹਵਾਲਾ :- ਆਪਜ਼ੀ ਦਾ ਪੱਤਰ ਨੰਬਰ 3733 ਮਿਤੀ 01/08/2023 ਦੇ ਸਬੰਧ ਵਿੱਚ ।**

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪ੍ਰਾਪਤ ਪੱਤਰ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਡੋਰ ਟੂ ਡੋਰ ਗਾਰਬੇਜ ਕੁਲੈਕਸ਼ਨ ਦੇ ਯੂਜ਼ਰ ਚਰਜਿਜ਼ ਦੀ ਵਸੂਲੀ ਦਾ ਕੰਮ ਬੜੀ ਹੀ ਮੇਹਨਤ ਤੇ ਇਮਾਨਦਾਰੀ ਨਾਲ ਕਰ ਰਹੇ ਹਾਂ। ਸਾਲ ਤੋਂ ਵੱਧ ਸਮੇਂ ਦੌਰਾਨ ਸਾਡੇ ਖਿਲਾਫ਼ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਸ਼ਿਕਾਇਤਕਰਤਾ ਵੱਲੋਂ ਸਾਡੀ ਫਰਮ ਵਿਰੁੱਧ ਕੀਤੀ ਗਈ ਸ਼ਿਕਾਇਤ ਵਾਚਣ ਤੋਂ ਇਹ ਜਾਪਦਾ ਹੈ ਕਿ ਉਸਨੂੰ ਟੈਂਡਰ ਦੇ ਤੱਥਾਂ ਤੋਂ ਪੂਰੀ ਜਾਣਕਾਰੀ ਨਹੀਂ ਹੈ। ਸਾਡੀ ਫਰਮ ਪਾਸ ਡੋਰ ਟੂ ਡੋਰ ਗਾਰਬੇਜ ਕੁਲੈਕਸ਼ਨ ਦੇ ਯੂਜ਼ਰ ਚਰਜਿਜ਼ ਦੀ ਵਸੂਲੀ ਦਾ ਕੰਮ ਹੈ ਜੋਕਿ ਫਰਮ ਵੱਲੋਂ ਔਨਲਾਈਨਅਲੱਗ- ਕਉਟਰ ਖੋਲਕੇ ਅਤੇ ਡੋਰ ਸਟੈਪ ਤੋਂ ਡੋਰ ਟੂ ਡੋਰ ਗਾਰਬੇਜ ਕੁਲੈਕਸ਼ਨ ਦੇ ਯੂਜ਼ਰ ਚਰਜਿਜ਼ ਦੀ ਵਸੂਲੀ ਕੀਤੀ ਜਾਂਦੀ ਹੈ। ਨਿਗਮ ਦਫ਼ਤਰ ਵਿਖੇ ਡੋਰ ਟੂ ਡੋਰ ਗਾਰਬੇਜ ਕੁਲੈਕਸ਼ਨ ਦੇ ਯੂਜ਼ਰ ਚਰਜਿਜ਼ ਦੀ ਵਸੂਲੀ ਆਪਜੀ ਦੇ ਦਫ਼ਤਰ ਦੇ ਕਹਿਣ ਤੇ ਆਮ ਪਬਲਿਕ ਦੀ ਸਹੂਲੀਅਤ ਨੂੰ ਮੁੱਖ ਰੱਖਦੇ ਹੋਏ ਕਾਊਂਟਰ ਸਥਾਪਿਤ ਕਰਕੇ ਸ਼ੁਰੂ ਕੀਤੀ ਗਈ ਸੀ ਜਿਸਦਾ ਜ਼ਿਕਰ ਮਾਨਯੋਗ ਕਮਿਸ਼ਨਰ ਜੀ ਵੱਲੋਂ ਜਾਰੀ ਪ੍ਰੈਸ ਨੋਟ ਵਿੱਚ ਵੀ ਕੀਤਾ ਗਿਆ ਹੈ ਕਿ ਇਹ ਰਕਮ ਨਿਗਮ ਦੇ ਕਮਰਾ ਨੰਬਰ 113 ਵਿੱਚ ਕਰਵਾਈ ਜਾਵੇ ਜਿਸ ਉਪਰ ਟੈਂਡਰ ਦੀਆਂ ਸ਼ਰਤਾਂ ਅਨੁਸਾਰ ਹੀ ਬਣਦਾ ਕਮਿਸ਼ਨ ਲਿਆ ਜਾ ਰਿਹਾ ਹੈ। ਨਿਗਮ ਨਾਲ ਹੋਏ ਇੱਕਰਾਰਨਾਮੇ ਦੀਆਂ ਸ਼ਰਤਾਂ ਵਿੱਚ ਇਸ ਤਰ੍ਹਾਂ ਦਾ ਕੁਝ ਵੀ ਦਰਜ਼ ਨਹੀਂ ਕਿ ਦਫ਼ਤਰ ਵਿਖ਼ੇ ਹੋਣ ਵਾਲੀ ਡੋਰ ਟੂ ਡੋਰ ਗਾਰਬੇਜ ਕੁਲੈਕਸ਼ਨ ਦੇ ਯੂਜ਼ਰ ਚਰਜਿਜ਼ ਦੀ ਵਸੂਲੀ ਉਪਰ ਕੋਈ ਕਮਿਸ਼ਨ ਨਹੀਂ ਦਿੱਤਾ ਜਾਵੇਗਾ ਬਲਕਿ ਟੈਂਡਰ ਜਾਰੀ ਹੋਣ ਸਮੇਂ ਇਹ ਤਹਿ ਹੋਇਆ ਸੀ ਕਿ ਡੋਰ ਟੂ ਡੋਰ ਗਾਰਬੇਜ ਕੁਲੈਕਸ਼ਨ ਦੇ ਯੂਜ਼ਰ ਚਰਜਿਜ਼ ਦੀ ਵਸੂਲੀ ਸਿਰਫ ਇੱਕ ਹੀ ਠੇਕੇਦਾਰ ਵੱਲੋ ਕੀਤੀ ਜਾਵੇਗੀ। ਨਿਗਮ ਵੱਲੋ ਸੈਲਫ ਹੈਲਪ ਗਰੁੱਪ ਪਾਸੋਂ ਵੀ ਕੰਮ ਕਰਵਾਇਆ ਗਿਆ ਜੋ ਟੈਂਡਰ ਦੀਆਂ ਤਹਿ ਹੋਈਆਂ ਸ਼ਰਤਾਂ ਅਨੁਸਾਰ ਸਹੀ ਨਹੀਂ ਸੀ ਗਰੁੱਪ ਵੱਲੋਂ ਕੀਤੀ ਗਈ ਡੋਰ ਟੂ ਡੋਰ ਗਾਰਬੇਜ ਕੁਲੈਕਸ਼ਨ ਦੇ ਯੂਜ਼ਰ ਚਰਜਿਜ਼ ਦੀ ਵਸੂਲੀ ਉਪਰ ਵੀ ਇਕਰਾਰਨਾਮੇ ਦੀ ਸ਼ਰਤ ਨੰਬਰ 16 ਅਨੁਸਾਰ ਸਾਡਾ ਹੱਕ ਬਣਦਾ ਹੈ। ਡੋਰ ਟੂ ਡੋਰ ਗਾਰਬੇਜ ਕੁਲੈਕਸ਼ਨ ਦੇ ਯੂਜ਼ਰ ਚਰਜਿਜ਼ ਦੀ ਵਸੂਲੀ ਸਬੰਧੀ ਨਿਗਮ ਵੱਲੋ ਕੋਈ software ਤਿਆਰ ਕਰਕੇ ਨਹੀਂ ਦਿੱਤਾ ਗਿਆ ਨਾ ਹੀ ਇਕਰਾਰਨਾਮੇ ਦੀਆਂ ਸ਼ਰਤਾਂ ਵਿੱਚ ਇਹ ਗੱਲ ਦਰਜ਼ ਹੈ ਕਿ ਠੇਕੇਦਾਰ ਤੋਂ ਇਲਾਵਾ ਨਿਗਮ ਵੱਲੋ ਆਪਣੇ ਪੱਧਰ ਤੇ ਜਾਂ ਸੈਲਫ ਹੈਲਪ ਗਰੁੱਪ ਪਾਸੋਂ ਕੋਈ ਡੋਰ ਟੂ ਡੋਰ ਗਾਰਬੇਜ ਕੁਲੈਕਸ਼ਨ ਦੇ ਯੂਜ਼ਰ ਚਰਜਿਜ਼ ਦੀ ਵਸੂਲੀ ਕੀਤੀ ਜਾਵੇਗੀ। ਜ਼ੇਕਰ ਫਿਰ ਵੀ ਨਿਗਮ ਆਪਣੇ ਪੱਧਰ ਤੇ ਵਸੂਲੀ ਕਰਵਾਉਣਾ ਚਾਉਂਦਾ ਹੈ ਤਾਂ ਸਾਨੂੰ ਕੋਈ ਇਤਰਾਜ ਨਹੀਂ ਪ੍ਰੰਤੂ ਉਸ ਕੁਲੈਕਸ਼ਨ ਉੱਪਰ ਬਣਦੇ ਕਮਿਸ਼ਨ ਤੇ ਇਕਰਾਰਨਾਮੇ ਦੀ ਸ਼ਰਤ ਨੰਬਰ 16 ਅਨੁਸਾਰ ਸਾਡੀ ਫਰਮ ਦਾ ਹੀ ਹੱਕ ਹੋਵੇਗਾ।

ਉੱਕਤ ਤੋਂ ਇਲਾਵਾ ਨਿਗਮ ਦਫ਼ਤਰ ਵਿੱਖੇ NOC ਅਪਡੇਸ਼ਨ ਦੀ ਫਾਈਲ ਤੇ ਡੋਰ ਟੂ ਡੋਰ ਗਾਰਬੇਜ ਕੁਲੈਕਸ਼ਨ ਦੇ ਯੂਜ਼ਰ ਚਰਜਿਜ਼ ਦੀ ਵਸੂਲੀ ਦੀ ਰਿਪੋਰਟ ਲਈ ਕਿਸੇ ਵੀ ਨਿਗਮ ਅਧਿਕਾਰੀ ਨੂੰ ਅਧਿਕਾਰਤ ਕੀਤਾ ਜਾਵੇ ਫਰਮ ਨੂੰ ਕੋਈ ਇਤਰਾਜ ਨਹੀਂ ਹੈ। ਆਪਜੀ ਵੱਲੋ ਅਧਿਕਾਰਤ ਕੀਤੇ ਅਧਿਕਾਰੀ ਨੂੰ .. ਦੀ ਰਿਪੋਰਟ ਵੇਖਣ ਲਈ . ਦੇ ਦਿੱਤਾ ਜਾਵੇਗਾ। ਜ਼ੋਨ ਨੰਬਰ . ਤੋਂ ਇਲਾਵਾ ਵੀ ਹੋਰ ਏਰੀਆਂ ਜਿਵੇਂ ਕਿ ਗੁਣਪਤੀ ਇਨਕਲੇਵ ਸ਼ੀਸ਼ ਮਹਿਲ ਅਤੇ ਹਾਊਸਫੈਡ ਕਲੋਨੀ ਆਦਿ ਦਾ ਕੰਮ ਵੀ . ਨੂੰ ਦਿੱਤਾ ਹੋਇਆ ਸੀ ਉਹਨਾਂ ਦੇ ਯੂ ਆਈ ਡੀ ਨੰਬਰ ਵੀ ਮੁਹਾਇਆ ਕਰਵਾਏ ਜਾਣ ਤਾਂਜੋ ਉਹਨ੍ਹਾਂ ਯੂਨਿਟਾਂ ਪਾਸੋਂ ਵੀ ਸਹੀ ਵਸੂਲੀ ਕੀਤੀ ਜਾ ਸਕੇ ਜੀ।

ਸੋ ਉਕਤ ਨੂੰ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਾਪਤ ਸ਼ਿਕਾਇਤ ਨੂੰ ਦਫ਼ਤਰ ਦਾਖਲ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਜੀ।

For Softel Solutions

08/08/2023

Auth Signatory



This Information is issued under
The Right to Information Act, 2005
Attested to be True Copy

Chief Sanitary Inspector cum A.P.I.O.
Municipal Corporation, Bathinda